# BUDHA DAL PUBLIC SCHOOL PATIALA
## First Term Examination (4 September 2025)
**Class - IX**
**Paper - Punjabi (Set - B)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

**1) ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (6×1=6)

ਧਨ ਸਬੰਧੀ ਮਨੁੱਖ ਦਾ ਦ੍ਰਿਸ਼ਟੀਕੋਣ ਸੰਤੁਲਿਤ ਹੋਣਾ ਚਾਹੀਦਾ ਹੈ। ਇੱਕ ਤਾਂ ਇਹ ਹੱਕ ਦੀ ਕਮਾਈ ਮਿਲੇ, ਦੂਜਾ ਕਦੇ ਹੰਕਾਰ ਦਾ ਕਾਰਨ ਨਾ ਬਣੇ, ਨਾ ਇਸ ਵੱਲ ਪਿੱਠ ਕੀਤੀ ਜਾਵੇ, ਨਾ ਬੇਲੋੜਾ ਸ਼ੋਰ ਹੋਵੇ ਇਸ ਨੂੰ ਦਾਨ ਵਿੱਚ ਦਿੰਦਿਆ ਖੁਸ਼ੀ ਹੋਵੇ, ਉਂਜ ਛੱਡ ਜਾਣ ਦਾ ਦੁੱਖ ਨਾ ਹੋਵੇ। ਧਨ ਮਿਹਨਤ ਨਾਲੋਂ ਗਲਤ ਢੰਗਾਂ ਨਾਲ ਛੇਤੀ ਪ੍ਰਾਪਤ ਹੁੰਦਾ ਹੈ। ਪਰ ਇਹ ਅਣਕਮਾਇਆ ਧਨ ਮਨੁੱਖ ਵਿੱਚ ਗਿਰਾਵਟ ਪੈਦਾ ਕਰਦਾ ਹੈ। ਜਿਵੇਂ ਆਉਂਦਾ ਹੈ ਤਿਵੇਂ ਅਜਾਈ ਜਾਂਦਾ ਹੈ। ਨਾਲ ਪਹਿਲੀ ਕਮਾਈ ਵੀ ਲੈ ਜਾਂਦਾ ਹੈ। ਅਜਿਹੇ ਧਨ ਤੋਂ ਬਚਣਾ ਚਾਹੀਦਾ ਹੈ।

ਪ੍ਰ1. ਧੰਨ ਸਬੰਧੀ ਮਨੁੱਖ ਦਾ ਦ੍ਰਿਸ਼ਟੀਕੋਣ ਕਿਵੇਂ ਦਾ ਹੋਣਾ ਚਾਹੀਦਾ ਹੈ?

ੳ) ਪੌਸ਼ਟਿਕ ਅ) ਸੰਤੁਲਿਤ ੲ) ਵੱਖਰਾ-ਵੱਖਰਾ ਸ) ਲਾਲਚੀ

ਪ੍ਰ2. ਧਨ ਛੇਤੀ ਕਿਵੇਂ ਇੱਕਠਾ ਕੀਤਾ ਜਾ ਸਕਦਾ ਹੈ?

ੳ) ਮਿਹਨਤ ਨਾਲ ਅ) ਇਮਾਨਦਾਰੀ ਨਾਲ ੲ) ਸਮਝਦਾਰੀ ਨਾਲ ਸ) ਗਲਤ ਢੰਗ ਨਾਲ

ਪ੍ਰ3. ਗਲਤ ਢੰਗਾਂ ਨਾਲ ਪ੍ਰਾਪਤ ਕੀਤੇ ਧਨ ਦਾ ਕੀ ਨੁਕਸਾਨ ਹੁੰਦਾ ਹੈ?

ੳ) ਮਨੁੱਖ ਉਚਾਈ ਤੇ ਪੁਹੰਚ ਜਾਂਦਾ ਹੈ ਅ) ਮਨੁੱਖ ਵਿੱਚ ਗਿਰਾਵਟ ਪੈਦਾ ਕਰਦਾ ਹੈ

ੲ) ਮਨੁੱਖ ਨੂੰ ਪ੍ਰਸਿੱਧੀ ਮਿਲਦੀ ਹੈ। ਸ) ਮਨੁੱਖ ਵਿੱਚ ਲਾਲਚ ਆ ਜਾਂਦਾ ਹੈ

ਪ੍ਰ4. ਕੀ ਗਲਤ ਢੰਗਾਂ ਨਾਲ ਪ੍ਰਾਪਤ ਕੀਤਾ ਧਨ ਕਿਸੇ ਕੰਮ ਆਉਂਦਾ ਹੈ?

ੳ) ਨਹੀਂ ਅ) ਹਾਂ ੲ) ਕਦੇ-ਕਦੇ ਸ) ਹਮੇਸ਼ਾ

ਪ੍ਰ5. 'ਅਜਾਈ' ਸ਼ਬਦ ਦਾ ਅਰਥ ਚੁਣੋ:

ੳ) ਮਿਹਨਤੀ ਅ) ਵਿਅਰਥ ੲ) ਸੂਝਵਾਨ ਸ) ਤਾਕਤਵਰ

ਪ੍ਰ6. ਉਪਰੋਕਤ ਪੈਰ੍ਹੇ ਦਾ ਸਿਰਲੇਖ ਚੁਣੋ:

ੳ) ਹਰਾਮ ਦੀ ਕਮਾਈ ਅ) ਹੱਕ ਦੀ ਕਮਾਈ ੲ) ਮਿਹਨਤ ਸ) ਕੋਈ ਵੀ ਨਹੀਂ

**2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (1×4=4)

ਵਿੱਦਿਆ ਵਿਚਾਰੀ ਤਾਂ ਪਰਉਪਕਾਰੀ ਏ, ਹਮੇਸ਼ਾਂ ਭਲਾ ਕਮਾਉਂਦੀ ਏ,
ਬੰਦਾ ਜੋ ਪਸ਼ੂ ਬਰਾਬਰ ਏ, ਉਸਨੂੰ ਇਨਸਾਨ ਬਣਾਉਂਦੀ ਏ,
ਵਿੱਦਿਆ ਇੱਕ ਐਸਾ ਚਾਨਣ ਏ, ਜੋ ਮਨ ਅੰਦਰ ਜਗਦਾ ਹੈ,
ਇਸ ਬਿਨਾ ਚੁਫੇਰੇ ਦੁਨੀਆ ਵਿੱਚ ਬਸ, ਹਨ੍ਹੇਰਾ ਜਿਹਾ ਲਗਦਾ ਏ



Scanned with OKEN Scanner

ੳ) ਵਿੱਦਿਆ ਨੂੰ ਕੀ ਕਿਹਾ ਗਿਆ ਹੈ?
ਅ) ਵਿੱਦਿਆ ਤੋਂ ਬਿਨਾ ਮਨੁੱਖ ਕਿਹੋ ਜਿਹਾ ਹੈ?
ੲ) ਵਿੱਦਿਆ ਕਿਹੋ ਜਿਹਾ ਚਾਨਣ ਹੈ ਤੇ ਇਹ ਕਿੱਥੇ ਜਗਦਾ ਹੈ?
ਸ) ਵਿੱਦਿਆ ਮਨੁੱਖ ਨੂੰ ਕੀ ਬਣਾਉਂਦੀ ਹੈ?

## ਭਾਗ – ਅ (ਵਿਆਕਰਨ)

**3) ਵਿਰੋਧੀ ਸ਼ਬਦ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਰੋਧੀ ਜੋੜਾ ਚੁਣੋ:
1) ਆਕੜ/ਨਿਮਰਤਾ 2) ਅੰਤ/ਅਖੀਰ 3) ਗੁਰੂ/ਸੰਤ 4) ਗਰਮੀ/ਤਪਸ਼

ਅ) 'ਨਵੀਨ' ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ?
1) ਮਹਿੰਗਾ 2) ਚਮਕਦਾਰ 3) ਪੁਰਾਤਨ 4) ਸੁੰਦਰ

ੲ) 'ਆਮਦਨ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:
1) ਅਮੀਰ 2) ਲਾਭ 3) ਖਰਚ 4) ਰੁਪਿਆ

**4) ਲਿੰਗ ਬਦਲੋ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਦੋਹਾਂ ਲਿੰਗਾਂ ਵਿੱਚ ਵਰਤਿਆ ਜਾਂਦਾ ਹੈ?
1) ਬੱਦਲ 2) ਸੇਵਕ 3) ਸਾਇਕਲ 4) ਖੰਭ

ਅ) ਜਿਹੜੇ ਸ਼ਬਦ ਮਰਦਾਵੇ ਜਾਂ ਨਰ ਭੇਦ ਨੂੰ ਪ੍ਰਗਟ ਕਰਨ ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?
1) ਲਿੰਗ 2) ਪੁਲਿੰਗ 3) ਇਸਤਰੀ ਲਿੰਗ 4) ਵਿਸ਼ੇਸ਼ਣ

ੲ) ਇਸਤਰੀ ਲਿੰਗ ਸ਼ਬਦ ਚੁਣੋ:
1) ਦੇਵਤਾ, ਫੌਜੀ, ਜੇਠ 2) ਧੀ, ਜੱਟੀ, ਹਿਰਨੀ, ਗਾਂ 3) ਹਾਥੀ, ਘੋੜਾ, ਮਾਮੀ 4) ਧੋਬੀ, ਪਿਤਾ, ਛੱਤਰੀ

**5) ਵਿਸਮਿਕ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਕਿਸੇ ਨੂੰ ਬੁਲਾਉਣ ਵਾਲੇ ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹੁੰਦੇ ਹਨ?
1) ਸੰਬੋਧਨੀ ਵਾਚਕ 2) ਇੱਛਾ ਵਾਚਕ 3) ਅਸੀਸ ਵਾਚਕ 4) ਸਤਿਕਾਰ ਵਾਚਕ

ਅ) ਜਿਹੜੇ ਸ਼ਬਦ ਮਨ ਦੀ ਖ਼ੁਸ਼ੀ, ਗਮੀ, ਹੈਰਾਨੀ, ਡਰ ਆਦਿ ਦੇ ਭਾਵ ਪ੍ਰਗਟ ਕਰਨ ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?
1) ਵਿਸ਼ੇਸ਼ਣ 2) ਯੋਜਕ 3) ਵਿਸਮਿਕ 4) ਪੜਨਾਂਵ

ੲ) 'ਖ਼ਬਰਦਾਰ!, ਠਹਿਰਰ ਜਾਓ! ਵੇਖੋ!' ਸ਼ਬਦ ਕਿਸ ਕਿਸਮ ਦੇ ਵਿਸਮਿਕ ਹਨ?
1) ਪ੍ਰਸੰਸਾ ਵਾਚਕ 2) ਸੂਚਨਾ ਵਾਚਕ 3) ਇੱਛਾ ਵਾਚਕ 4) ਸ਼ੋਕ ਵਾਚਕ

**6) ਸ਼ਬਦ ਸ਼ੁੱਧੀ (ਕੋਈ ਚਾਰ ਕਰੋ):** (4+½=2)

ਹੇਠ ਲਿਖੇ ਅਸ਼ੁੱਧ ਸ਼ਬਦ ਜੋੜੇ ਨੂੰ ਸ਼ੁੱਧ ਕਰਕੇ ਲਿਖੋ:
ੳ) ਲਾਬ ਅ) ਸ਼ੈਹਰ ੲ) ਹਿਮਾਲਿਯ ਸ) ਸੌਹਰਾ ਹ) ਅੰਮਰਿਤ

**7) ਕਿਰਿਆ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਕਿਰਿਆ ਦੀ ਪਰਿਭਾਸ਼ਾ ਲਿਖੋ।
ਅ) ਕੁੜੀਆਂ ਨੱਚਦੀਆਂ ਹਨ ਵਾਕ ਵਿੱਚ ਕਿਸ ਪ੍ਰਕਾਰ ਦੀ ਕਿਰਿਆ ਹੈ?
ੲ) ਜਿਸ ਵਾਕ ਵਿੱਚ ਕਿਰਿਆ ਦਾ ਕਰਮ ਹੋਵੇ ਉਸ ਕਿਰਿਆ ਨੂੰ ਕੀ ਕਹਿੰਦੇ ਹਨ?

**8) ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸੇ ਦੋ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ:** (2×1=2)

ਊਠ ਦੇ ਮੂੰਹ ਜੀਰਾ ਦੇਣਾ, ਅੱਗ ਦੇ ਭਾਅ ਹੋਣਾ, ਇੱਕ ਅੱਖ ਨਾਲ ਵੇਖਣਾ

B-2

Scanned with OKEN Scanner

8) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ: (8)

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।**

ਨੁਕਤੇ -

ਜਾਣ-ਪਛਾਣ, ਪਿਛੋਕੜ, ਗੁਰੂਆਂ ਦਾ ਯੋਗਦਾਨ, ਜਗਤ-ਜਨਨੀ, ਸ਼ਕਤੀ ਦਾ ਮੁਜੱਸਮਾ, ਸਿੱਟਾ।

**ਜਾਂ**

**ਨਸ਼ਾ ਇਕ ਲਾਹਨਤ ਜਾਂ ਨੌਜਵਾਨਾਂ ਵਿੱਚ ਵੱਧ ਰਹੀ ਨਸ਼ਿਆਂ ਦੀ ਵਰਤੋਂ**

ਨੁਕਤੇ -

ਜਾਣ-ਪਛਾਣ, ਨਸ਼ਿਆਂ ਦੇ ਕਾਰਨ, ਬਾਹਰਲੇ ਪ੍ਰਭਾਵ, ਬੇਰੁਜ਼ਗਾਰੀ, ਘਰੇਲੂ ਪਰੇਸ਼ਾਨੀਆਂ, ਹੋਸਟਲਾਂ ਦਾ ਵਾਤਾਵਰਨ, ਸਫ਼ਲਤਾ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ, ਸੁਝਾਅ, ਉਪਰਾਲਾ, ਸਿੱਟਾ।

**ਜਾਂ**

**ਆਨ-ਲਾਈਨ ਖਰੀਦਦਾਰੀ**

ਨੁਕਤੇ -

ਜਾਣ-ਪਛਾਣ, ਵੱਖ-ਵੱਖ ਕੰਪਨੀਆਂ, ਆਨ-ਲਾਈਨ ਖਰੀਦਦਾਰੀ ਦੇ ਲਾਭ, ਆਨ-ਲਾਈਨ ਖਰੀਦਦਾਰੀ ਦੇ ਨੁਕਸਾਨ, ਸਮਾਨ ਵਾਪਸ ਕਰਨ ਦੀ ਸਹੂਲਤ, ਸਿੱਟਾ।

9) **ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** (1×6=6)

ਤੁਹਾਡਾ ਦੋਸਤ ਹਰ ਵਕਤ ਮੋਬਾਇਲ ਫੋਨ ਤੇ ਹੀ ਲੱਗਾ ਰਹਿੰਦਾ ਹੈ ਉਸ ਨੂੰ ਇਸ ਤੋਂ ਵਰਜਦੇ ਹੋਏ ਸਮਝਾਉਣ ਲਈ ਇੱਕ ਪੱਤਰ ਲਿਖੋ।

ਨੁਕਤੇ: ਕੀਮਤੀ ਵਕਤ, ਪੜਾਈ ਤੇ ਸਿਹਤ, ਮੋਬਾਇਲ ਫੋਨ, ਮਦਦ ਲਈ, ਮੋਬਾਇਲ ਦੀ ਵਧੇਰੇ ਵਰਤੋਂ, ਸਿਹਤ ਤੇ ਸੋਚ ਤੇ ਮਾੜਾ ਪ੍ਰਭਾਵ, ਉਜਵਲ ਭਵਿੱਖ, ਦੁਰਵਰਤੋਂ, ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

**ਜਾਂ**

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਪੀਣ ਵਾਲੇ ਪਾਣੀ ਨੂੰ ਸਾਫ ਰੱਖਣ ਲਈ ਪਾਣੀ ਦੀਆਂ ਟੈਂਕੀਆਂ ਸਾਫ ਕਰਵਾਉਣ ਲਈ ਬਿਨੈ-ਪੱਤਰ ਲਿਖੋ।

ਨੁਕਤੇ: ਵਾਟਰ ਕੂਲਰ ਤੋਂ ਪਾਣੀ ਪੀਣਾ, ਪਾਣੀ ਦਾ ਰੰਗ ਬਦਲਿਆ ਹੋਣਾ, ਮੁਸ਼ਕ ਵੀ ਆਉਣੀ, ਟੈਂਕੀ ਸਾਫ਼ ਕਰਵਾਉਣੀ, ਗੰਧਲੇ ਪਾਣੀ ਦੇ ਨੁਕਸਾਨ।

10) **ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।** (4)



B-3

Scanned with OKEN Scanner

ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)

ਕੋਈ ਪੰਜ ਹੱਲ ਕਰੋ):(5×1=5)

11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)

ੳ) ਦੇਵਕੀ ਨੇ ਜੋਤੀ ਲਈ ਚਿੱਟੀ ਕਮੀਜ਼ ਕਿਸ ਕੱਪੜੇ ਦੀ ਬਣਾਈ?
1) ਪੁਰਾਣੇ ਸੂਟ ਦੀ 2) ਪੁਰਾਣੀ ਚਿੱਟੀ ਚਾਦਰ ਦੀ 3) ਪੁਰਾਣੇ ਚਿੱਟੇ ਪਜ਼ਾਮੇ ਦੀ 4) ਇੰਨ੍ਹਾਂ ਵਿੱਚੋਂ ਕੋਈ ਵੀ ਨਹੀਂ

ਅ) ਹਰਬੰਸੋ ਪਿਉ ਦੀਆਂ ਵੱਖੀਆਂ ਸੇਕਣ ਲਈ ਕੀ ਗਰਮ ਕਰ ਕੇ ਲਿਆਈ?
1) ਪਾਣੀ 2) ਵੱਟਾ 3) ਰੋਟੀ 4) ਲੋਗੜ

ੲ) ਤਾਇਆ ਕਿੱਥੇ ਬੈਠਾ ਸੀ ਜਦੋਂ ਉਸ ਦਾ ਪੈਰ ਕੁੱਤੇ ਦੀ ਪੂਛ ਤੇ ਆ ਗਿਆ?
1) ਆਪਣੇ ਘਰ 2) ਪੇੜ ਦੇ ਨੀਚੇ 3) ਹਲਵਾਈ ਦੀ ਦੁਕਾਨ ਤੇ 4) ਬਜ਼ਾਰ ਵਿੱਚ

ਸ) ਲੇਖਕ ਜਿਸ ਬੱਸ ਤੇ ਭੇਰੇ ਜਾ ਰਿਹਾ ਸੀ ਉਹ ਕਿਸ ਅੱਡੇ ਤੇ ਆ ਰੁਕੀ?
1) ਭੁਲੋਵਾਲ ਦੇ 2) ਰਾਵਲਪਿੰਡੀ ਦੇ 3) ਲਾਹੌਰ ਦੇ 4) ਸਿਆਲਕੋਟ ਦੇ

ਹ) ਕਪੂਰ ਸਿੰਘ ਨੂੰ ਦਰਬਾਰੇ ਦੇ ਬਿਮਾਰ ਹੋਣ ਦੀ ਖਬਰ ਕਿਸ ਨੇ ਦਿੱਤੀ?
1) ਹਰਬੰਸ ਨੇ 2) ਰਾਮ ਸਿੰਘ ਨੇ 3) ਚਾਚੀ ਰਾਮ ਕੌਰ ਨੇ 4) ਮਿਸਤਰੀ ਨੇ

ਕ) ਮੰਤਰੀ ਜਵਾਲਾ ਪ੍ਰਸ਼ਾਦ ਦਾ ਜਨਮ-ਦਿਨ ਕੌਣ ਮਨਾ ਰਿਹਾ ਸੀ?
1) ਅਰੋੜਾ ਬਰਾਦਰੀ 2) ਰਾਮਗੜੀਆ ਸਮਾਜ 3) ਨਾਗਰਿਕ ਸਭਾ 4) ਇਹ ਸਾਰੇ

12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ): (5×1=5)

ੳ) 'ਮੌਨਧਾਰੀ' ਇਕਾਂਗੀ ਵਿੱਚ ਕਿਸ ਦੀ ਸਿਹਤ ਖ਼ਰਾਬ ਹੁੰਦੀ ਹੈ?
1) ਰਾਮ ਪਿਆਰੀ ਦੀ 2) ਮਦਨ ਲਾਲ ਦੀ 3) ਹਰੀ ਚੰਦ ਦੀ 4) ਕਿਸ਼ੋਰ ਚੰਦ ਦੀ

ਅ) ਆਧੁਨਿਕ ਪੰਜਾਬੀ ਕਵਿਤਾ ਦਾ ਜਨਮ-ਦਾਤਾ ਕਿਸ ਨੂੰ ਕਿਹਾ ਜਾਂਦਾ ਹੈ?
1) ਧਨੀ ਰਾਮ ਚਾਤ੍ਰਿਕ ਨੂੰ 2) ਸੁਜਾਨ ਸਿੰਘ ਨੂੰ 3) ਰਾਮ ਸਿੰਘ ਨੂੰ 4) ਭਾਈ ਵੀਰ ਸਿੰਘ ਨੂੰ

ੲ) ਵਿਸਾਖ ਦੇ ਮਹੀਨੇ ਕਿਹੜੀ ਫ਼ਸਲ ਪੱਕ ਜਾਂਦੀ ਹੈ?
1) ਗੰਨੇ ਦੀ 2) ਕਣਕ ਦੀ 3) ਕਪਾਹ ਦੀ 4) ਚਾਵਲ ਦੀ

ਸ) 'ਮੈਂ ਪੰਜਾਬੀ' ਕਵਿਤਾ ਵਿੱਚ ਕਿਸ ਕਿੱਸਾਕਾਰ ਦਾ ਜ਼ਿਕਰ ਆਇਆ ਹੈ?
1) ਸ਼ਾਹ ਮੁਹੰਮਦ 2) ਦਮੋਦਰ 3) ਨੰਦ ਲਾਲ 4) ਵਾਰਿਸ ਸ਼ਾਹ

ਹ) ਹਰੀ ਚੰਦ ਦਾ ਲੜਕਾ ਕਿਹੋ ਜਿਹੇ ਖ਼ਿਆਲਾਂ ਦਾ ਧਾਰਨੀ ਸੀ?
1) ਅਗਾਂਹ-ਵਧੂ 2) ਪਿਛਾਂਹ-ਖਿੱਚੂ 3) ਦੇਸ਼ ਭਗਤ 4) ਬਦਮਾਸ਼

ਕ) ਕਵੀ ਕਿਸ ਦੀ ਖ਼ੈਰ ਮੰਗਦਾ ਹੈ?
1) ਆਪਣੀ ਮਾਂ ਦੀ 2) ਪੰਜਾਬੀ ਭਾਸ਼ਾ ਦੀ 3) ਦੇਸ਼ ਦੀ 4) ਆਪਣੇ ਬੱਚਿਆਂ ਦੀ

13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ): (4×1=4)

ੳ) ਦੋ ਘੰਟਿਆਂ ਦੀ ਛੁੱਟੀ ਲੈ ਕੇ ਜੁਗਲ ਪ੍ਰਸ਼ਾਦ ਕਿੱਥੇ ਗਿਆ ਸੀ?

ਅ) ਰੱਸੀ ਦਾ ਇੱਕ ਹਿੱਸਾ ਧੰਮਾ ਸਿੰਘ ਸਰਪੰਚ ਨੇ ਫੜਿਆ ਹੋਇਆ ਸੀ। ਰੱਸੀ ਦਾ ਦੂਜਾ ਹਿੱਸਾ ਕਿਸ ਨੇ ਫੜਿਆ ਸੀ?

ੲ) ਕੀਟਾਣੂ ਝਾੜਨ ਲਈ ਤਾਇਆ ਕੀ ਕਰਦਾ ਹੈ?

ਸ) ਝੰਗ ਤੇ ਸਰਗੋਧਾ ਕਿਸ ਇਲਾਕੇ ਦੇ ਮੁਕਾਬਲੇ ਰੁੱਖੇ ਸਨ?

ਹ) ਕਪੂਰ ਸਿੰਘ ਦੇ ਘਰ ਦੇ ਪਿਛਵਾੜੇ ਕਿਸ ਦਾ ਮਕਾਨ ਸੀ?

B-4

Scanned with OKEN Scanner

ੑ) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)

(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):

ੳ) 'ਅੱਜ ਉਸ ਮੰਤਰੀ ਦਾ ਜਨਮਦਿਨ ਨਹੀਂ ਮੇਰਾ ਜਨਮ ਦਿਨ ਹੈ' ਜੁਗਲ ਪ੍ਰਸ਼ਾਦ ਨੇ ਇਹ ਗੱਲ ਕਿਸ ਸੰਦਰਭ ਵਿੱਚ ਕਹੀ?

ਅ) ਕਹਾਣੀ ਦੇ ਅੰਤ ਵਿੱਚ ਕਪੂਰ ਸਿੰਘ ਆਪਣੇ ਭਰਾ ਦਰਬਾਰੇ ਨੂੰ ਕਿਵੇਂ ਹੌਂਸਲਾ ਦਿੰਦਾ ਹੈ?

ੲ) ਇਕਾਂਗੀ ਦੇ ਸ਼ੁਰੂ ਵਿੱਚ ਰਾਮ ਪਿਆਰੀ ਦੇ ਘਰ ਕੌਣ ਆਉਂਦਾ ਹੈ ਤੇ ਉਹ ਰਾਮ ਪਿਆਰੀ ਨੂੰ ਕੀ ਦੱਸਦਾ ਹੈ?

ਸ) ਲੇਖਕ ਨੂੰ ਆਪਣੀ ਗਲੀ ਦਾ ਦ੍ਰਿਸ਼ ਦੇਖ ਕੇ ਕਿਵੇਂ ਮਹਿਸੂਸ ਹੋਇਆ?

ਹ) 'ਹੋਰ ਹਰ ਬਿਮਾਰੀ ਦਾ ਇਲਾਜ ਹੈ ਪਰ ਵਹਿਮ ਕੌਣ ਹਟਾਏ?' ਇਸ ਕਥਨ ਦੇ ਪੱਖ ਜਾਂ ਵਿਰੋਧ ਵਿੱਚ ਦਲੀਲਾਂ ਦਿਓ।

ਕ) ਜੁਗਲ ਪ੍ਰਸ਼ਾਦ ਆਪਣੇ ਪੁੱਤਰ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖ਼ਲ ਕਿਉਂ ਕਰਵਾਉਣਾ ਚਾਹੁੰਦਾ ਸੀ?

ਖ) ਮਦਨ ਲਾਲ ਨੂੰ ਫੜਨ ਲਈ ਦੀਪ ਚੰਦ ਕੀ ਜਾਲ ਬੁਣਦਾ ਹੈ?

ਗ) ਦਰਬਾਰਾ ਸਿੰਘ ਚਾਹੁੰਦਾ ਹੋਇਆ ਵੀ ਕਪੂਰ ਸਿੰਘ ਦੀ ਸਾਂਝੀ ਕੰਧ ਬਣਾਉਣ ਵਿੱਚ ਮਦਦ ਨਹੀਂ ਸੀ ਕਰ ਰਿਹਾ। ਕਿਉਂ?

15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)

ੳ) 'ਸਮਾਂ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

ਤੁਸੀਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਕਿੰਨਾਂ ਪਿਆਰ ਕਰਦੇ ਹੋ। ਇਸ ਬਾਰੇ ਆਪਣੇ ਵਿਚਾਰ ਲਿਖੋ।

ਅ) ਕੀ ਵਹਿਮੀ ਲੋਕ ਦੂਜਿਆਂ ਲਈ ਸਿਰਦਰਦੀ ਪੈਦਾ ਕਰਦੇ ਹਨ? ਇਸ ਬਾਰੇ ਆਪਣੇ ਵਿਚਾਰ ਲਿਖੋ।

ਜਾਂ

ਲੇਖਕ ਨੇ ਡੇਰੇ ਆ ਕੇ ਕੀ ਮਹਿਸੂਸ ਕੀਤਾ? ਇਸ ਬਾਰੇ ਵਿਸਥਾਰ ਨਾਲ ਲਿਖੋ।

16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)

ੳ) 'ਮੌਨਧਾਰੀ' ਦਾ ਪਾਤਰ ਚਿਤਰਨ ਕਰੋ।

ਜਾਂ

ਪੁਰਾਣੇ ਸਮਿਆਂ ਵਿੱਚ ਲੋਕ ਸਾਧੂ ਸੰਤਾਂ ਦਾ ਕਿੰਨਾ ਮਾਣ ਕਰਦੇ ਸਨ, ਇਕਾਂਗੀ ਦੇ ਅਧਾਰ ਤੇ ਲਿਖੋ।

B-5

Scanned with OKEN Scanner